ਦੇਗ ਤੇਗ ਫਤਿਹ॥

# ਤੀਜੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ

ਦਾ

# ਪ੍ਰਕਾਸ਼ ਗੁਰਪੁਰਬ



ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਅਮਰਦਾਸ ਜੀ, ਬਾਸਰਕੇ ਗਿੱਲਾਂ, ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ)

## ੨ ਜੇਠ, ਨਾਨਕਸ਼ਾਹੀ ਸੰਮਤ ੫੫੪

ਮੁਤਾਬਿਕ

## ਐਤਵਾਰ, 15 ਮਈ 2022

## ਗੁਰਦੁਆਰਾ ਬੰਗਲਾ ਸਾਹਿਬ

ਵਿਖੇ ਸ਼ਾਮ ਨੂੰ ਬੜੇ ਉਤਸ਼ਾਹ ਅਤੇ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ।

ਨਿਮਰਤਾ ਦੇ ਪੁੰਜ, ਸ਼ਾਂਤ ਸੁਭਾਅ, ਗਰੀਬਾਂ-ਦੁੱਖੀਆਂ ਪ੍ਰਤੀ ਹਮਦਰਦੀ ਤੇ ਸੇਵਾ ਭਾਵ ਰੱਖਣ ਵਾਲੇ, ਅਕਾਲ ਪੁਰਖ ਦੇ ਨਾਮ ਰਸ ਵਿੱਚ ਲੀਨ ਰਹਿਣ ਵਾਲੇ ਤੀਜੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਸੰਮਤ 1536 ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਗਿੱਲਾਂ ਵਿੱਚ ਬਾਬਾ ਤੇਜ ਭਾਨ ਜੀ ਅਤੇ ਮਾਤਾ ਸੁਲੱਖਣੀ ਜੀ (ਲੱਛਮੀ ਜੀ) ਦੇ ਗ੍ਰਹਿ ਵਿਖੇ ਹੋਇਆ। 61 ਸਾਲ ਦੀ ਉਮਰ ਵਿੱਚ ਆਪ ਜੀ ਦਾ ਮੇਲ ਛੋਟੇ ਭਰਾ ਦੀ ਨੂੰਹ ਬੀਬੀ ਅਮਰੋ ਜੀ (ਜੋ ਦੂਸਰੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸਨ) ਦੇ ਰਾਹੀਂ ਦੂਸਰੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਹੋਇਆ।

ਖਡੂਰ ਸਾਹਿਬ ਪੁੱਜ ਕਿ ਜਦੋਂ (ਗੁਰੂ) ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤੇ ਤਾਂ ਆਪ ਇੱਥੇ ਰਹਿ ਕੇ ਹੀ ਗੁਰੂ ਜੀ ਦੀ ਸੇਵਾ ਕਰਨ ਲੱਗ ਪਏ ਅਤੇ 72 ਸਾਲ ਦੀ ਉਮਰ ਤੱਕ ਅੱਧੀ ਰਾਤ ਉਠ ਕਿ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਲਿਆ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾਉਂਦੇ, ਫਿਰ ਲੰਗਰ ਵਿੱਚ ਜਾ ਕੇ ਸੇਵਾ ਕਰਦੇ, ਜੂਠੇ ਭਾਂਡੇ ਮਾਂਜਦੇ ਤੇ ਸੰਗਤਾਂ ਦੀ ਸੇਵਾ ਨੂੰ ਆਪਣਾ ਰੋਜ਼ ਦਾ ਨਿਯਮ ਬਣਾ ਲਿਆ। ਆਪ ਜੀ ਦੀ ਸੇਵਾ ਨੂੰ ਮੁੱਖ ਰੱਖਦੇ ਹੋਏ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਜੀ ਨੂੰ ਸੰਮਤ 1609 ਵਿੱਚ ਗੁਰਗੱਦੀ ਸੌਂਪ ਦਿੱਤੀ। ਗੁਰਗੱਦੀ ਦੀ ਜ਼ਿੰਮੇਦਾਰੀ ਸੰਭਾਲਨ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਸ੍ਰੀ ਗੋਇੰਦਵਾਲ ਸਾਹਿਬ ਵਿੱਚ ਸਥਾਪਿਤ ਕੀਤਾ ਅਤੇ ਧਰਮ ਦੇ ਪ੍ਰਚਾਰ-ਪ੍ਰਸਾਰ ਵਾਸਤੇ 22 ਮੰਜੀਆਂ ਵੀ ਸਥਾਪਿਤ ਕੀਤੀਆਂ।

ਆਪ ਜੀ ਨੇ ਇਸਤਰੀ ਜਾਤੀ ਦੇ ਸਨਮਾਨ ਲਈ ਸਤੀ ਪ੍ਰਥਾ ਖਤਮ ਕਰਨ ਅਤੇ ਪਰਦੇ ਦੀ ਪ੍ਰਥਾ ਦੀ ਸਮਾਪਤੀ ਦੇ ਭਰਪੂਰ ਯਤਨ ਕੀਤੇ। ਗੁਰੂ ਜੀ ਨੇ ਉਚ-ਨੀਚ, ਅਮੀਰ-ਗਰੀਬ ਤੇ ਜਾਤ-ਪਾਤ, ਨਸਲ-ਰੰਗ ਦੇ ਭੇਦ ਭਾਵ ਦੇ ਵਿਤਕਰੇ ਨੂੰ ਖਤਮ ਕਰਨ ਲਈ ਲੰਗਰ ਦੀ ਪ੍ਰਥਾ ਨੂੰ ਹੋਰ ਮਜ਼ਬੂਤ ਕੀਤਾ ਅਤੇ ਗੁਰੂ ਦਰਸ਼ਨਾਂ ਲਈ ਆਉਣ ਵਾਲੀਆਂ ਸੰਗਤਾਂ ਨੂੰ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛਕਣ ਦੀ ਤਾਕੀਦ ਕੀਤੀ। ਪਾਣੀ ਦੀ ਕਿਲਤ ਨੂੰ ਦੂਰ ਕਰਨ ਵਾਸਤੇ ਆਪ ਜੀ ਨੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਦਾ ਨਿਰਮਾਣ ਕਰਵਾਇਆ। ਆਪ ਜੀ ਨੇ ਹੀ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰੂ ਕਾ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵਸਾਉਣ ਲਈ ਕਿਹਾ। ਸ੍ਰੀ ਗੁਰੂ ਅਮਰਦਾਸ ਜੀ ਨੇ ਸਮੁੱਚੀ ਮਾਨਵਤਾ ਨੂੰ ਨਿਰੋਲ ਸੱਚ ਦਾ ਗਿਆਨ ਕਰਵਾਇਆ ਕਿ ਮਨੁੱਖ ਆਪਣੇ ਮਨ ਨੂੰ ਪਛਾਣ ਕੇ ਹੀ ਵਾਹਿਗੁਰੂ ਦੀ ਪ੍ਰਾਪਤੀ ਕਰ ਸਕਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਉਚਾਰੀ ਗਈ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 17 ਰਾਗਾਂ ਵਿੱਚ ਦਰਜ ਹੈ। ਆਪ ਜੀ ਦੀ ਬਾਣੀ ਅਨੰਦ ਸਾਹਿਬ ਦਾ ਨਿਤਨੇਮ ਦੀਆਂ ਬਾਣੀਆਂ ਵਿੱਚ ਨਿਤਾ ਪ੍ਰਤੀ ਪਾਠ ਕਰਨ ਦਾ ਵਿਧਾਨ ਹੈ।

### ਪ੍ਰੋਗਰਾਮ (ਸ਼ਾਮ)

**6.00 ਤੋਂ 7.00 – ਕੀਰਤਨ – ਭਾਈ ਸਤਵਿੰਦਰ ਸਿੰਘ ਜੀ ਸਰਤਾਜ** ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

**7.00 ਤੋਂ 7.40 – ਪਾਠ – ਸ੍ਰੀ ਰਹਰਾਸਿ ਸਾਹਿਬ**

**7.40 ਤੋਂ 8.30 – ਕੀਰਤਨ – ਭਾਈ ਚਮਨਜੀਤ ਸਿੰਘ ਜੀ** ਦਿੱਲੀ

**8.30 ਤੋਂ 9.30 – ਕਥਾ – ਭਾਈ ਰਣਜੀਤ ਸਿੰਘ ਜੀ** ਹੈਡ ਗ੍ਰੰਥੀ

**9.30 ਤੋਂ 10.30 – ਕੀਰਤਨ – ਭਾਈ ਗੁਰਮੇਲ ਸਿੰਘ ਜੀ** ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

**ਉਪਰੰਤ ਅਰਦਾਸ ਤੇ ਸਮਾਪਤੀ**

ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ
GURDWARA BANGLA SAHIB FACEBOOK PAGE ਅਤੇ YOUTUBE CHANNEL'ਤੇ ਕੀਤਾ ਜਾਵੇਗਾ


ਗੁਰੂ ਪੰਥ ਦੇ ਦਾਸ

**ਹਰਮੀਤ ਸਿੰਘ ਕਾਲਕਾ**
ਪ੍ਰਧਾਨ

**ਹਰਵਿੰਦਰ ਸਿੰਘ ਕੇ.ਪੀ.**
ਸੀਨੀਅਰ ਮੀਤ ਪ੍ਰਧਾਨ

**ਜਗਦੀਪ ਸਿੰਘ ਕਾਹਲੋਂ**
ਜਨਰਲ ਸਕੱਤਰ

**ਜਸਪ੍ਰੀਤ ਸਿੰਘ ਕਰਮਸਰ**
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

**ਆਤਮਾ ਸਿੰਘ ਲੁਬਾਣਾ** ਮੀਤ ਪ੍ਰਧਾਨ

**ਜਸਮੇਨ ਸਿੰਘ ਨੋਨੀ** ਸਕੱਤਰ

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ – 1 ਫ਼ੋਨ : 23712580, 23712581, 23712582, 23737328, 23737329 ਫੈਕਸ : 23317511
Website : http://www.dsgmc.in Email : info@dsgmc.in



ਕੰਪਿਊਟਰ ਡਿਜ਼ਾਇਨਿੰਗ : ਪਬਲੀਕੇਸ਼ਨ ਵਿਭਾਗ

ਛਾਪਕ : ਗੁਰਉਪਦੇਸ਼ ਪ੍ਰਿੰਟਰਜ਼, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1